2355
19/12/05

ਨੰ: 9/12/2003-ਰਸ1/ 2511-16
ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਵੱਲ,

ਰਾਜ ਦੇ

1. ਸਮੂਹ ਵਿਭਾਗਾਂ ਦੇ ਮੁੱਖੀ
2. ਸਮੂਹ ਡਵੀਜਨਾਂ ਦੇ ਕਮਿਸ਼ਨਰ,
3. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ
4. ਜਿਲ੍ਹਾ ਤੇ ਸੈਸਨਜ ਜੱਜ,
5. ਸਮੂਹ ਡਿਪਟੀ ਕਮਿਸ਼ਨਰ,
6. ਸਮੂਹ ਉਪ ਮੰਡਲ ਅਫ਼ਸਰ (ਸਿਵਲ)।

ਮਿਤੀ : ਚੰਡੀਗੜ੍ਹ 15.12.05

ਵਿਸ਼ਾ :- ਜ਼ਾਤੀ ਸਰਟੀਫਿਕੇਟ ਕੈਂਸਲ ਕਰਨ ਸਬੰਧੀ ਸਪੱਸ਼ਟੀਕਰਨ ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਮਾਨਯੋਗ ਸੁਪਰੀਮ ਕੋਰਟ ਵਲੋਂ ਸਿਵਲ ਅਪੀਲ ਨੰਬਰ 5854 ਆਫ਼ 1994 ਜੋ ਕਿ ਐਸ.ਐਲ.ਪੀ.(ਸਿਵਲ) ਨੰਬਰ 14767 ਆਫ 1993 ਤੋਂ ਉਤਪੰਨ ਹੋਈ) ਕੁਮਾਰੀ ਮਾਧੁਰੀ ਪਾਟਿਲ ਅਤੇ ਹੋਰ ਬਨਾਮ , ਐਡੀਸ਼ਨਲ ਕਮਿਸ਼ਨਰ, ਟ੍ਰਾਈਬਲ ਡਿਵੈਲਪਮੈਂਟ ਅਤੇ ਹੋਰ(ਏ.ਆਈ.ਆਰ 1995 ਸੁਪਰੀਮ ਕੋਰਟ 1994) ਵਿੱਚ ਸੁਣਾਏ ਗਏ ਫੈਸਲੇ ਦੇ ਸਨਮੁੱਖ, ਇਸ ਵਿਭਾਗ ਵਲੋਂ ਰਾਜ ਪੱਧਰੀ ਛਾਣ-ਬੀਣ ਕਮੇਟੀ ਅਤੇ ਵਿਜੀਲੈਂਸ ਸੈਲ ਦੀ ਸਥਾਪਨਾ ਸਬੰਧੀ ਜਾਰੀ ਕੀਤੀਆਂ ਨੋਟੀਫਿਕੇਸ਼ਨਜ਼ ਨੰਬਰ 9/12/2003-ਆਰ.ਸੀ.-1/1615 ਮਿਤੀ 10.12.2004 ਅਤੇ 9/12/2003-ਆਰ.ਸੀ.-1/1606 ਮਿਤੀ 10.12.2004 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ । ਕਿਸੇ ਵਿਅਕਤੀ ਵਲੋਂ ਗਲਤ ਤੌਰ ਤੇ ਪ੍ਰਾਪਤ ਕੀਤੇ ਜਾਤੀ ਸਰਟੀਫਿਕੇਟ ਦੀ ਸ਼ਿਕਾਇਤ ਪ੍ਰਾਪਤ ਹੋਣ ਤੇ ਵਿਜੀਲੈਂਸ ਸੈਲ ਇਸ ਦੀ ਇੰਨਕੁਆਰੀ ਕਰਦਾ ਹੈ ਅਤੇ ਰਾਜ ਪੱਧਰੀ ਛਾਣ-ਬੀਣ ਕਮੇਟੀ ਉਸ ਸਰਟੀਫਿਕੇਟ ਦੇ ਨਾਜਾਇਜ ਹੋਣ ਬਾਰੇ ਹੁਕਮ ਪਾਸ ਕਰਕੇ ਉਸ ਸਰਟੀਫ਼ਿਕੇਟ ਨੂੰ ਕੈਂਸਲ/ਜ਼ਬਤ ਕਰਨ ਦੇ ਹੁਕਮ ਜਾਰੀ ਕਰਦੀ ਹੈ । ਇਸ ਛਾਣ-ਬੀਣ ਕਮੇਟੀ ਦੀ ਸਥਾਪਨਾ ਤੋਂ ਬਾਅਦ ਵਿਭਾਗਾਂ/ਵਿਅਕਤੀਆਂ ਵਲੋਂ ਸਮਝਿਆ ਜਾਂਦਾ ਹੈ ਕਿ ਕਿਸੇ ਵਿਅਕਤੀ ਵਲੋਂ ਪ੍ਰਾਪਤ ਕੀਤੇ ਗਏ ਜਾਅਲੀ ਸਰਟੀਫਿਕੇਟ ਨੂੰ ਕੈਂਸਲ ਕਰਨ ਅਤੇ ਜਬਤ ਕਰਨ ਦਾ ਅਧਿਕਾਰ ਕੇਵਲ ਛਾਣ-ਬੀਣ ਕਮੇਟੀ ਕੋਲ ਹੀ ਹੈ ਅਤੇ ਹੋਰ ਕਿਸੇ ਅਧਿਕਾਰੀ ਕੋਲ, ਗਲਤ ਅਤੇ ਜਾਅਲੀ ਤੌਰ ਤੇ ਪ੍ਰਾਪਤ ਕੀਤੇ ਸਰਟੀਫਿਕੇਟ ਨੂੰ ਰੱਦ ਕਰਨ ਦੇ ਅਧਿਕਾਰ ਨਹੀਂ ਹਨ । ਵਿਭਾਗਾਂ/ਵਿਅਕਤੀਆਂ ਵਲੋਂ ਸਮਝੀ ਜਾਂਦੀ ਇਸ ਧਾਰਨਾ ਸਬੰਧੀ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵਿਅਕਤੀ ਵਲੋਂ ਗਲਤ ਤੌਰ ਤੇ ਅਤੇ ਜਾਅਲੀ ਤੌਰ ਤੇ ਪ੍ਰਾਪਤ ਕੀਤੇ ਜਾਤੀ ਸਰਟੀਫਿਕੇਟ ਦਾ ਪਤਾ ਲੱਗਣ ਤੇ, ਅਜਿਹੇ ਸਰਟੀਫਿਕੇਟ ਨੂੰ ਉਸ ਸਰਟੀਫਿਕੇਟ ਦਾ ਜਾਰੀ ਕਰਤਾ ਅਧਿਕਾਰੀ ਤੱਥਾਂ ਦੇ ਆਧਾਰ ਤੇ ਕੈਂਸਲ ਅਤੇ ਜ਼ਬਤ ਕਰ ਸਕਦਾ ਹੈ । ਇਸ ਤਰਾ ਦੇ cancel ਕੀਤੇ certificate ਦੀ ਸੂਚਨਾ ਸਰਕਾਰ ਨੂੰ ਹਰ ਹਾਲਤ ਭੇਜੀ ਜਾਵੇ ।

2. ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸਪੱਸ਼ਟੀਕਰਨ ਆਪ ਦੇ ਅਧੀਨ ਕੰਮ ਕਰਦੇ ਦਫ਼ਤਰਾਂ/ਸੰਸਥਾਵਾਂ ਅਤੇ ਹੋਰ ਸਬੰਧਤਾਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ ਅਤੇ ਇਸ ਦੀ ਇੰਨ-ਬਿੰਨ ਪਾਲਣਾ ਕੀਤੀ/ਕਰਵਾਉਣ ਦੀ ਖੇਚਲ ਕੀਤੀ ਜਾਵੇ ।

ਸੰਯੁਕਤ ਸਕੱਤਰ ਭਲਾਈ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਅੰ.ਵਿ.ਪ.ਨੰ. 9/12/03-ਰਸ 1/ 2517-19 ਮਿਤੀ: 15.12.05
ਪਿਠ ਅੰ.ਨੰ. 9/12/03-ਰਸ 1/ 2520-21 ਮਿਤੀ: 15.12.05

ਇਸ ਦਾ ਇੱਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ ਅਤੇ ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ
14/12/05